# लग दाग़ न धर्म नू जाए

( *ਜ਼ੋਰਾਵਰ ਤੇ ਫਤਹਿ ਸਿੰਘ, ਦਸ਼ਮੇਸ਼ ਦੇ ਰਾਜ ਦੁਲਾਰੇ,
ਦਾਦੀ ਆਪ ਬਿਠਾਵਣ ਤੁਰ ਪਈ, ਲਾੜ੍ਹੀ ਮੌਤ ਦੇ ਖਾਰੇ।
*ਕੈਦੋਂ ਵਤਨ ਛੁਡਾਇਆ ਜਿਸਨੇ, ਕੈਦ ਕਿਲੇ ਵਿੱਚ ਹੋਈ,
ਅਰਸ਼ੋਂ ਲੈਣ ਫਰਿਸ਼ਤੇ ਆਏ, ਓਹਦੇ ਕਦਮਾਂ ਦੀ ਖੁਸ਼ਬੋਈ ॥ )

ਮਾਤਾ ਗੁਜ਼ਰੀ, ਕੋਲ ਦੋ ਹੀਰੇ,
ਪਏ ਖੋਹਣ ਨੂੰ, ਫਿਰਨ ਬੇ ਪੀਰੇ,
ਓਹਨੂੰ ਇਤਨਾ, ਫਿਕਰ ਬੱਸ ਖਾਏ,
*ਲੱਗ ਦਾਗ਼ ਨਾ, ਧਰਮ ਨੂੰ ਜਾਏ x॥

^ਮਾਤਾ ਸੀ ਮਹਾਨ, ਮਹਿਮਾ ਦੱਸੀਏ ਕੀ ਉਸਦੀ,
ਵਾਰੀ ਵਾਰੀ ਲਾਲਾਂ ਦੀਆਂ, ਪਿੱਠਾਂ ਨੂੰ ਪਲੋਸਦੀ ॥
ਕਦੇ ਵੇਖੇ ਛੋਟੜੇ ਨੂੰ, ਕਦੇ ਵੇਖੇ ਵੱਡੜੇ ਨੂੰ ॥,
ਮੁਖ ਚੁੰਮੇ, ਤੇ ਇੰਝ ਫੁਰਮਾਏ,,,
*ਲੱਗ ਦਾਗ਼ ਨਾ, ਧਰਮ ਨੂੰ ਜਾਏ x॥

^ਸੂਬੇ ਦੀ ਕਚਹਿਰੀ ਜਾ ਕੇ, ਗੁਰੂ ਫ਼ਤੇਹ ਬੋਲਿਓ,
ਡੋਲ ਜਾਏ ਸੁਮੇਰ ਸਾਰਾ, ਤੁਸੀਂ ਨਾ ਜੇ ਡੋਲਿਓ ॥
ਦਾਦੇ ਵਾਂਗੂ ਝੱਲਿਓ, ਤਸੀਹੇ ਜਿੰਦ ਜਾਨ ਉੱਤੇ ॥,
ਮਾਤਾ ਜਾਂਦਿਆਂ ਨੂੰ, ਗੱਲ ਨਾਲ ਲਾਏ,,,
*ਲੱਗ ਦਾਗ਼ ਨਾ, ਧਰਮ ਨੂੰ ਜਾਏ x॥

^ਪਹਿਲਾਂ ਸੀ ਸ਼ਹੀਦ ਹਾਏ, ਅਜੀਤ ਤੇ ਜੁਝਾਰ ਹੋਏ,
ਆਪਣੇ ਧਰਮ ਉੱਤੋਂ, ਹੱਸ ਕੇ ਨਿਸਾਰ ਹੋਏ ॥
ਏਹੀ ਮੇਰੇ ਲਾਲ ਦੀ, ਨਿਸ਼ਾਨੀ ਇੱਕ ਆਖ਼ਿਰੀ ਸੀ ॥,
ਹੋਣਾ ਏਹਨਾਂ ਨੇ ਵੀ, ਕੱਲ ਨੂੰ ਪਰਾਏ,,,
*ਲੱਗ ਦਾਗ਼ ਨਾ, ਧਰਮ ਨੂੰ ਜਾਏ x॥

^ਸੁਬਹ ਹੋਈ ਲਾਲਾਂ ਨੂੰ, ਜ਼ਲਾਦ ਲੈਣ ਆ ਗਿਆ,
ਸਾਰੀ ਸਰਹਿੰਦ ਤੇ, ਹਨ੍ਹੇਰਾ ਜੇਹਾ ਛਾ ਗਿਆ ॥
ਮਾਤਾ ਜੀ ਦੇ ਚੇਹਰੇ ਤੇ, ਇਲਾਹੀ ਨੂਰ ਜਾਪਦਾ ਸੀ ॥,
ਓਹੋ ਜਾਂਦਿਆਂ ਨੂੰ, ਇੰਝ ਸਮਝਾਏ,,,
*ਲੱਗ ਦਾਗ਼ ਨਾ ਧਰਮ ਨੂੰ ਜਾਏ x॥

ਅਪਲੋਡਰ- ਅਨਿਲਰਾਮੂਰਤੀਭੋਪਾਲ

https://alltvads.com/bhajan/lyrics/id/25160/title/lag-daag-na-dharam-nu-jaye

अपने Android मोबाइल पर BhajanGanga App डाउनलोड करें और भजनों का आनंद ले |